| ENGLISH | PUNJABI |
|---|---|
| About NEDA | ਐਨ ਈ ਡੀ ਏ ਬਾਰੇ |
| National Ethnic Disability Alliance (NEDA) is a national Disabled People's Organisation (DPO) that advocates federally for the human rights of people with disability, and their families, from culturally and linguistically diverse (CALD) and non-English speaking backgrounds (NESB). | ਨੈਸ਼ਨਲ ਐਥਨਿਕ ਡਿਸਬਿਲਟੀ ਅਲਾਇੰਸ (ਐਨ ਈ ਡੀ ਏ) ਅਪਾਹਜ ਲੋਕਾਂ ਦੀ ਇਕ ਰਾਸ਼ਟਰੀ ਸੰਸਥਾ ਹੈ (ਡੀ ਪੀ ਓ) ਜੋ ਸਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਵਾਲੇ (ਸੀ ਏ ਐਲ ਡੀ) ਅਤੇ ਗੈਰ-ਅੰਗਰੇਜ਼ੀ ਭਾਸ਼ਾ ਵਾਲੇ ਪਿਛੋਕੜਾਂ (ਐਨ ਈ ਐਸ ਬੀ) ਵਾਲੇ ਅਪਾਹਜ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਇਨਸਾਨੀ ਹੱਕਾਂ ਦੀ ਕੇਂਦਰ ਸਰਕਾਰ ਵਿੱਚ ਵਕਾਲਤ ਕਰਦੀ ਹੈ। |
| We are a founding member of Disabled People's Organisations Australia (DPOA). | ਅਸੀਂ Disabled People's Organisations Australia (DPOA) ਦੇ ਬੁਨਿਆਦੀ ਮੈਂਬਰ ਹਾਂ। |
| We are a community based, non-government organisation funded by the Department of Social Services (DSS). We have a small secretariat and are governed by a council of state/territory and community representatives; as a DPO, the majority of our Councillors are required to be people with disability from migrant or refugee backgrounds. | ਅਸੀਂ ਸਮਾਜਿਕ ਸੇਵਾਵਾਂ ਦੇ ਵਿਭਾਗ (ਡੀ ਐਸ ਐਸ) ਦੁਆਰਾ ਦਿੱਤੀ ਮਾਲੀ ਸਹਾਇਤਾ ਨਾਲ ਚੱਲਦੀ ਭਾਈਚਾਰੇ ਤੇ ਅਧਾਰਿਤ, ਗੈਰ ਸਰਕਾਰੀ ਸੰਸਥਾ ਹਾਂ। ਸਾਡਾ ਛੋਟਾ ਜਿਹਾ ਸਕੱਤਰੇਤ ਹੈ ਅਤੇ ਅਸੀਂ ਰਾਜ/ਪ੍ਰਦੇਸ਼ ਅਤੇ ਭਾਈਚਾਰੇ ਦੇ ਨੁਮਾਇੰਦਿਆਂ ਦੀ ਕੌਂਸਿਲ ਦੁਆਰਾ ਨਿਯੰਤਰਤ ਹਾਂ; ਡੀ ਪੀ ਓ ਵਜੋਂ, ਸਾਡੇ ਬਹੁਤੀ ਗਿਣਤੀ ਦੇ ਸਲਾਹਕਾਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਪਰਵਾਸੀ ਜਾਂ ਸ਼ਰਨਾਰਥੀ ਪਿਛੋਕੜ ਵਾਲੇ ਅਪਾਹਜ ਲੋਕ ਹੋਣ। |
| **Our Principles** | **ਸਾਡੇ ਸਿਧਾਂਤ** |
| • People with disability from CALD backgrounds, their families and carers are individuals who have the right to be respected for their human worth and dignity, and to be free from all forms of discrimination. | • ਸੀ ਏ ਐਲ ਡੀ ਪਿਛੋਕੜ ਵਾਲੇ ਅਪਾਹਜ ਲੋਕ, ਉਹਨਾਂ ਦੇ ਪਰਿਵਾਰ ਅਤੇ ਸੰਭਾਲ ਕਰਨ ਵਾਲੇ ਉਹ ਵਿਅਕਤੀ ਹਨ ਜਿੰਨ੍ਹਾਂ ਦਾ ਹੱਕ ਹੈ ਕਿ ਉਹਨਾਂ ਦੀ ਇਨਸਾਨੀ ਕਦਰ ਅਤੇ ਸਨਮਾਨ ਨੂੰ ਕਾਇਮ ਰੱਖਿਆ ਜਾਵੇ ਅਤੇ ਹਰ ਤਰ੍ਹਾਂ ਦੇ ਵਿਤਕਰੇ ਤੋਂ ਬਚਾਅ ਕੇ ਰੱਖਿਆ ਜਾਵੇ। |
| • People with disability from CALD backgrounds, their families and carers are experts in knowing how they want to receive services and supports. | • ਸੀ ਏ ਐਲ ਡੀ ਪਿਛੋਕੜ ਵਾਲੇ ਅਪਾਹਜ ਲੋਕ, ਉਹਨਾਂ ਦੇ ਪਰਿਵਾਰ ਅਤੇ ਸੰਭਾਲ ਕਰਨ ਵਾਲੇ ਇਹ ਜਾਨਣ ਵਿੱਚ ਮਾਹਰ ਹਨ ਕਿ ਉਹ ਕਿਵੇਂ ਦੀਆਂ ਸੇਵਾਵਾਂ ਅਤੇ ਸਹਾਇਤਾ ਲੈਣਾ ਚਾਹੁੰਦੇ ਹਨ। |
| • All our activities must take into account the views and experiences of people with disability from CALD backgrounds, their families and carers. | • ਸਾਡੀਆਂ ਸਾਰੀਆਂ ਗਤੀਵਿਧੀਆਂ ਵਾਸਤੇ ਸੀ ਏ ਐਲ ਡੀ ਪਿਛੋਕੜ ਵਾਲੇ ਅਪਾਹਜ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਸੰਭਾਲ ਕਰਨ ਵਾਲਿਆਂ ਦੇ ਵਿਚਾਰਾਂ ਅਤੇ ਤਜ਼ਰਬਿਆਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। |
| • The interests of all people in society are best served by establishing equal rights | • ਸੀ ਏ ਐਲ ਡੀ ਪਿਛੋਕੜ ਵਾਲੇ ਅਪਾਹਜ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਸੰਭਾਲ ਕਰਨ |

| | |
|---|---|
| and opportunities for people with disability from CALD backgrounds, their families and carers. | ਵਾਲਿਆਂ ਲਈ ਬਰਾਬਰ ਦੇ ਹੱਕ ਅਤੇ ਮੌਕੇ ਸਥਾਪਿਤ ਕਰਕੇ ਸਮਾਜ ਦੇ ਸਾਰੇ ਲੋਕਾਂ ਦੇ ਹਿੱਤਾਂ ਦਾ ਵਧੀਆ ਤਰੀਕੇ ਨਾਲ ਧਿਆਨ ਰੱਖਿਆ ਜਾ ਸਕਦਾ ਹੈ। |
| • We are accountable to people with disability from CALD backgrounds, their families and carers and to the agencies who provide our funds. | • ਅਸੀਂ ਸੀ ਏ ਐਲ ਡੀ ਪਿਛੋਕੜ ਵਾਲੇ ਅਪਾਹਜ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਸੰਭਾਲ ਕਰਨ ਵਾਲਿਆਂ ਅਤੇ ਏਜੰਸੀਆਂ ਜੋ ਸਾਨੂੰ ਮਾਲੀ ਸਹਾਇਤਾ ਦਿੰਦੀਆਂ ਹਨ ਦੇ ਅੱਗੇ ਜਵਾਬਦੇਹ ਹਾਂ। |
| • We are open, honest and transparent in our relationships. | • ਅਸੀਂ ਆਪਣੇ ਰਿਸ਼ਤਿਆਂ ਵਿੱਚ ਖੁੱਲ੍ਹਦਿਲੇ, ਇਮਾਨਦਾਰ ਅਤੇ ਪਾਰਦਰਸ਼ੀ ਹਾਂ। |
| **Our Vision** | **ਸਾਡੀ ਦ੍ਰਿਸ਼ਟੀ** |
| Disability rights and cultural diversity are valued as essential to an equitable society. | ਬਰਾਬਰੀ ਦੇ ਸਮਾਜ ਵਾਸਤੇ ਅਪਾਹਜਤਾ ਦੇ ਹੱਕਾਂ ਅਤੇ ਸਭਿਆਚਾਰਕ ਵਿਭਿੰਨਤਾ ਨੂੰ ਲਾਜ਼ਮੀ ਗਿਣਿਆ ਜਾਵੇ। |
| **Our Mission** | **ਸਾਡਾ ਮਿਸ਼ਨ** |
| We advocate for our rights as people with disability from CALD backgrounds through providing our voice and participation to represent our experiences and determine policy in, and practice in, all matters that affect us. | ਯੋਜਨਾਵਾਂ ਨਿਰਧਾਰਿਤ ਕਰਕੇ, ਵਿਹਾਰਕ ਤੌਰ ਤੇ ਸਾਰੇ ਮਸਲੇ ਜੋ ਸਾਡੇ ਉਪਰ ਅਸਰ ਪਾਉਂਦੇ ਹਨ, ਆਪਣੀ ਆਵਾਜ਼ ਦੇ ਕੇ ਅਤੇ ਹਿੱਸਾ ਪਾ ਕੇ, ਆਪਣੇ ਤਜ਼ਰਬਿਆਂ ਦੀ ਨੁਮਾਇੰਦਗੀ ਕਰਕੇ ਅਸੀਂ ਸੀ ਏ ਐਲ ਡੀ ਪਿਛੋਕੜ ਵਾਲੇ ਅਪਾਹਜ ਲੋਕਾਂ ਦੇ ਹੱਕਾਂ ਦੀ ਵਕਾਲਤ ਕਰਦੇ ਹਾਂ। |
| **Our Strategic Direction** | **ਸਾਡੀ ਰਣਨੀਤਕ ਦਿਸ਼ਾ** |
| Please click here to download the 2018 copy of our strategic plan (in English). | ਸਾਡੀ ਰਣਨੀਤਕ ਯੋਜਨਾ (ਅੰਗਰੇਜ਼ੀ ਵਿੱਚ) ਦੀ 2018 ਦੀ ਨਕਲ ਡਾਊਨਲੋਡ ਕਰਨ ਲਈ ਕਿਰਪਾ ਕਰਕੇ ਇੱਥੇ ਕਲਿੱਕ ਕਰੋ। |